




# ਬਹੁ ਅਤੇ ਪਾਰ-ਰਾਸ਼ਟਰੀ ਪੰਜਾਬੀ ਸਭਿਆਚਾਰ

ਕਿਸੇ ਵੇਲੇ ਪੰਜਾਬੀ ਸਭਿਆਚਾਰ ਕੇਵਲ ਇਕ ਵਿਸ਼ੇਸ਼ ਖਿੱਤੇ ਦਾ ਵੱਖਰਾ ਸਭਿਆਚਾਰ ਰਿਹਾ ਹੋਵੇਗਾ ਪਰ ਅੱਜ ਇਹ ਉਸ ਖਿੱਤੇ ਤੋਂ ਵਿਸਰਜਿਤ ਹੋ ਕੇ ਪੂਰੀ ਦੁਨੀਆਂ ਵਿਚ ਫੈਲ ਰਿਹਾ ਪਾਰ-ਰਾਸ਼ਟਰੀ (ਬਹੁ-ਸਥਾਨੀ) ਵਿਸ਼ਾਲ ਸਭਿਆਚਾਰ ਬਣ ਗਿਆ ਹੈ। ਇਸੇ ਤਰ੍ਹਾਂ ਇਹ ਭੂਗੋਲਿਕ ਖਿੱਤਾ, ਜਿਥੋਂ ਉਠ ਕੇ ਪੰਜਾਬੀ ਸਭਿਆਚਾਰ ਸਾਰੀ ਦੁਨੀਆਂ ਵਿਚ ਫੈਲਿਆ, ਉਹ ਵੀ ਹੁਣ ਬਹੁ-ਸਭਿਆਚਾਰਕ ਖਿੱਤਾ ਬਣਦਾ ਜਾ ਰਿਹਾ ਹੈ।

ਇਕੱਲੇ ਪੰਜਾਬੀ ਸਭਿਆਚਾਰ ਦੀ ਗੱਲ ਨਹੀਂ, ਅੱਜ ਹਰ ਸਭਿਆਚਾਰ ਪਾਰ-ਸਥਾਨੀ ਸਭਿਆਚਾਰ ਅਤੇ ਹਰ ਖਿੱਤਾ ਬਹੁ-ਸਭਿਆਚਾਰਕ ਖਿੱਤਾ ਬਣ ਚੁੱਕਿਆ ਹੈ। ਇਸਦਾ ਇਹ ਮਤਲਬ ਬਿਲਕੁਲ ਨਹੀਂ ਕਿ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਿਭਿੰਨ ਸਭਿਆਚਾਰ ਆਪੋ-ਆਪਣੀ ਵਿਲੱਖਣ ਪਹਿਚਾਣ ਗੁਆ ਕੇ ਸਮਰੂਪ ਭਾਈਚਾਰੇ ਵਿਚ ਰੂਪਾਂਤ੍ਰਿਤ ਹੋ ਜਾਣਗੇ। ਠੀਕ ਹੈ ਕਿ ਪਿਛਲੇ ਸਾਲਾਂ ਦੌਰਾਨ ਆਰਥਕ ਵਿਸ਼ਵੀਕਰਨ ਦੀਆਂ ਪ੍ਰਕਿਰਿਆਵਾਂ ਨੇ ਸਥਾਨਕ ਭਾਈਚਾਰਿਆਂ ਅਤੇ ਉਨ੍ਹਾਂ ਦੇ ਈਕੋਸਿਸਟਮਾਂ ਨੂੰ ਨਜ਼ਰ-ਅੰਦਾਜ਼ ਕਰਕੇ ਸਭਿਆਚਾਰਕ ਵੰਨ-ਸਵੰਨਤਾ ਨੂੰ ਬੜੀ ਠੇਸ ਪਹੁੰਚਾਈ ਹੈ ਪਰ ਬਹੁ-ਸਥਾਨੀ ਸਭਿਆਚਾਰਾਂ ਦੀ ਸਥਾਨਕ, ਖੇਤਰੀ ਅਤੇ ਵਿਸ਼ਵ ਵਿਆਪੀ ਓਪਨ ਨੈੱਟਵਰਕਿੰਗ ਨੇ ਤਾਂ ਵਿਸ਼ਵੀਕਰਨ ਦੇ ਦੁਸ਼ਟ ਪ੍ਰਭਾਵਾਂ ਨੂੰ ਮੇਟ ਕੇ ਉਸਦਾ ਬਦਲ ਪੇਸ਼ ਕੀਤਾ ਹੈ।

ਜਿੱਥੋਂ ਤਕ ਪੰਜਾਬ ਦੇ ਅਤੀਤ ਨੂੰ ਸਮਝਣ ਦੀ ਗੱਲ ਹੈ। ਇਸ ਨੂੰ ਪੰਜਾਬ ਦੇ ਬਟਵਾਰਿਆਂ, ਉਜਾੜਿਆਂ ਅਤੇ ਪਰਵਾਸ ਦੀ ਕੌਮੀ ਸਿਆਸਤ ਦੇ ਅੰਤਰਗਤ ਸਮਝਿਆ ਜਾ ਸਕਦਾ ਸੀ ਪਰ ਹੁਣ ਕਹਾਣੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਪਰਵਾਸ ਨੂੰ ਵੀ ਨਵੀਂ ਤਰ੍ਹਾਂ ਸਮਝਣ ਦੀ ਲੋੜ ਹੈ। ਹੁਣ ਪੰਜਾਬੀ ਪਰਵਾਸ ਨੂੰ ਬਟਵਾਰਿਆਂ ਅਤੇ ਉਜਾੜਿਆਂ ਦੇ ਰੂਪ ਵਿਚ ਨਹੀਂ, ਸਗੋਂ ਇਨ੍ਹਾਂ ਖਿੰਡੇ-ਪੁੰਡੇ ਪੰਜਾਬੀ ਭਾਈਚਾਰਿਆਂ ਦੀ ਅਸੈਂਬਲੀ ਦੇ ਰੂਪ ਵਿਚ ਸਮਝਣ ਦੀ ਲੋੜ ਹੈ। ਨਵ-ਪੂੰਜੀਵਾਦ ਦੇ ਤਕਨੀਕੀ ਸਿਆਸੀ ਪ੍ਰਵਚਨ ਰਾਹੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਗਲੋਬਲ ਨੈੱਟਵਰਕ ਨੂੰ ਸਮਝਣ ਦੀ ਲੋੜ ਹੈ।



**ਅਮਰਜੀਤ ਸਿੰਘ ਗਰੇਵਾਲ**
ਪ੍ਰਸਿੱਧ ਪੰਜਾਬੀ ਚਿੰਤਕ
6-ਬੀ ਸੁਗੰਧ ਵਿਹਾਰ
ਪੱਖੋਵਾਲ ਰੋਡ
ਲੁਧਿਆਣਾ
98761-38523
grewal52@gmail.com

1947 ਦੇ ਬਟਵਾਰੇ ਤੋਂ ਬਾਅਦ ਸਾਨੂੰ ਇਹ ਭੈਅ ਖਾਂਦਾ ਰਿਹਾ ਕਿ ਕਿਤੇ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਦੀਆਂ ਜ਼ੁਬਾਨਾਂ ਕ੍ਰਮਵਾਰ ਸੰਸਕ੍ਰਿਤ ਅਤੇ ਪਰਸ਼ੀਅਨ ਦੇ ਪ੍ਰਭਾਵ ਅਧੀਨ ਦੋ ਵੱਖਰੀਆਂ ਭਾਸ਼ਾਵਾਂ ਹੀ ਨਾ ਬਣ ਜਾਣ। ਇਸੇ ਤਰ੍ਹਾਂ ਕਨੇਡਾ/ ਅਮਰੀਕਾ ਦੀ ਪੰਜਾਬੀ ਜ਼ੁਬਾਨ ਵੀ ਸਾਨੂੰ ਆਪਣੀ ਪੰਜਾਬੀ ਜ਼ੁਬਾਨ ਤੋਂ ਦੂਰ ਜਾਂਦੀ ਪ੍ਰਤੀਤ ਹੋ ਰਹੀ ਹੈ। ਜਾਪਦਾ ਹੈ ਕਿ ਉਹ ਵੀ ਅੰਗਰੇਜ਼ੀ ਦੇ ਪ੍ਰਭਾਵ ਅਧੀਨ ਇਕ ਵੱਖਰੀ ਜ਼ੁਬਾਨ ਬਣ ਜਾਵੇਗੀ। ਇਸੇ ਤਰ੍ਹਾਂ ਪੰਜਾਬੀ ਦੇ ਹੋਰ ਵੀ ਕਿੰਨੇ ਹੀ ਰੂਪ ਹਨ, ਜਿਨ੍ਹਾਂ ਦੀ ਪੰਜਾਬੀ ਤੋਂ ਵਧ ਰਹੀ ਦੂਰੀ ਸਾਨੂੰ ਅਕਸਰ ਸਤਾਉਂਦੀ ਹੈ। ਕਿਸੇ ਵੇਲੇ ਇਹ ਡਰ ਭੈਅ ਬਿਲਕੁੱਲ ਦਰੁਸਤ ਸਨ ਪਰ ਇਹ ਵੰਨ-ਸੁਵੰਨੇ ਪੰਜਾਬੀ ਭਾਈਚਾਰੇ ਅੱਜ ਵਰਚੂਅਲ ਸਪੇਸ ਦੇ ਸਾਂਝੇ ਨੈੱਟਵਰਕ ਵਿਚ ਬੱਝੇ ਹੋਣ ਕਾਰਨ

ਇਕ ਦੂਸਰੇ ਵੱਲ ਤੇਜ਼ੀ ਨਾਲ ਵਧ ਰਹੇ ਹਨ। ਆਪਸੀ ਸੰਵਾਦ ਦੁਆਰਾ ਪੰਜਾਬੀ ਜ਼ੁਬਾਨ ਦੀ ਵੰਨ-ਸੁਵੰਨਤਾ ਵਿਚ ਵਾਧੇ ਰਾਹੀ ਇਸਨੂੰ ਬੇਮਿਸਾਲ ਅਮੀਰੀ ਬਖਸ਼ ਰਹੇ ਹਨ।

ਇਹ ਕਹਿਣਾ ਬਿਲਕੁੱਲ ਦਰੁਸਤ ਹੈ ਕਿ ਜਿਵੇਂ ਵਕਤ ਦੀ ਗਤੀ ਸਭਿਆਚਾਰ ਨੂੰ ਤੋੜਦੀ ਨਹੀਂ, ਸਗੋਂ ਇਸਦੇ ਵਿਭਿੰਨ ਪੜਾਵਾਂ ਨੂੰ ਤਬਦੀਲੀ ਦੀ ਇਤਿਹਾਸਕ ਨਿਰੰਤਰਤਾ ਵਿਚ ਬੰਨ੍ਹ ਦਿੰਦੀ ਹੈ, ਤਿਵੇਂ ਹੀ ਇਸਦਾ ਖੇਤਰੀ/ ਭੂਗੋਲਿਕ ਵਿਸਤਾਰ ਇਸਨੂੰ ਵਿਭਾਜਿਤ ਨਹੀਂ ਕਰਦਾ, ਸਗੋਂ ਇਸਦੀ ਵੰਨ-ਸੁਵੰਨਤਾ ਨੂੰ ਇਕ ਨਵੇਂ ਬਿਰਤਾਂਤ ਵਿਚ ਚਿਣ ਦਿੰਦਾ ਹੈ, ਜਿਵੇਂ 'ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੋਹਾਵਾ'।

ਜਿਥੋਂ ਤਕ ਜਨਮ ਭੂਮੀ ਅਤੇ ਕਰਮ ਭੂਮੀ ਦੀਆਂ ਸਿਆਸੀ ਪਰੰਪਰਾਵਾਂ ਦੀ ਅੰਤਰ-ਨਸਲੀਅਤ ਦਾ ਸੁਆਲ ਹੈ, ਇਹ ਤਾਂ ਉਦੋਂ ਹੀ ਸ਼ੁਰੂ ਹੋ ਗਈ ਸੀ ਜਦੋਂ 1913-14 ਵਿਚ ਅਮਰੀਕਾ ਵਿਚ ਵੱਸਦੇ ਪੰਜਾਬੀਆਂ ਨੇ ਅਮਰੀਕਾ ਦੀ ਆਜ਼ਾਦੀ ਅਤੇ ਉਥੋਂ ਦੇ ਸਿਆਸੀ ਮਾਹੌਲ ਤੋਂ ਪ੍ਰਭਾਵਿਤ ਹੋ ਕੇ ਭਾਰਤ ਦੀ ਆਜ਼ਾਦੀ ਲਈ ਗਦਰ ਲਹਿਰ ਦੀ ਸਿਰਜਣਾ ਦਾ ਕਾਰਜ ਆਰੰਭਿਆ ਸੀ। ਗਦਰ ਲਹਿਰ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਪਾਰ-ਰਾਸ਼ਟਰੀ (ਬਹੁ-ਸਥਾਨੀ) ਲਹਿਰ ਸੀ ਜਿਸ ਵਿਚ ਅਮਰੀਕਾ ਕਨੇਡਾ ਤੋਂ ਇਲਾਵਾ ਹੋਰ ਵੀ ਅਨੇਕਾਂ ਮੁਲਕਾਂ ਵਿਚ ਰਹਿਣ ਵਾਲੇ ਪੰਜਾਬੀਆਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ '84 ਤੋਂ ਬਾਅਦ ਦੇ ਪੰਜਾਬ ਸੰਕਟ ਦੌਰਾਨ ਕਨੇਡਾ, ਅਮਰੀਕਾ, ਇੰਗਲੈਂਡ ਆਦਿ ਮੁਲਕਾਂ ਵਿਚ ਰਹਿਣ ਵਾਲੇ ਸਿੱਖਾਂ ਦੇ ਰੋਲ ਨੂੰ ਕੌਣ ਨਹੀਂ ਜਾਣਦਾ! ਆਰਥਕ ਖੇਤਰ ਵਿਚ ਵੀ ਦੇਖਿਆ ਜਾਵੇ ਤਾਂ ਸੱਤਰਵਿਆਂ ਦੇ ਹਰੇ ਇਨਕਲਾਬ ਦੀ ਸਫਲਤਾ ਪਿਛੇ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਵੱਲੋਂ ਭੇਜੇ ਪੈਸੇ ਦਾ ਵੱਡਾ ਯੋਗਦਾਨ ਰਿਹਾ ਹੈ। ਅੱਜਕੱਲ੍ਹ ਵੀ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਦੇ ਪੈਸੇ ਨਾਲ ਪਿੰਡਾਂ ਵਿਚ ਚੱਲ ਰਹੇ ਪੇਂਡੂ ਵਿਕਾਸ/ਸੁਧਾਰ/ਹਉਮੈਂ ਦੇ ਪ੍ਰਾਜੈਕਟ ਇਸ ਰਿਸ਼ਤੇ ਵੱਲ ਸਪੱਸ਼ਟ ਸੰਕੇਤ ਕਰਦੇ ਹਨ।

ਪਰਵਾਸੀਆਂ ਦੀ ਪਹਿਲੀ ਪੀੜ੍ਹੀ ਤਾਂ ਆਪਣੀ ਜਨਮ ਭੂਮੀ ਅਤੇ ਉਸ ਦੇ ਸਮਾਜ-ਸਭਿਆਚਾਰ, ਖ਼ਾਸ ਕਰਕੇ ਜ਼ੁਬਾਨ ਨਾਲ ਜੁੜੀ ਰਹਿੰਦੀ ਹੈ, ਪਰ ਉਥੇ ਹੀ ਜੰਮੀਆਂ ਪਲੀਆਂ ਅਤੇ ਪਰਵਾਨ ਚੜ੍ਹੀਆਂ ਅਗਲੀਆਂ ਪੀੜ੍ਹੀਆਂ, ਜਿਨ੍ਹਾਂ ਦੀ ਨਾ ਤਾਂ ਪੰਜਾਬ ਜਨਮ ਭੂਮੀ ਹੈ ਅਤੇ ਨਾ ਹੀ ਪੰਜਾਬੀ ਮਾਤ ਭਾਸ਼ਾ ਹੈ, ਉਨ੍ਹਾਂ ਦੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਰਿਸ਼ਤੇ ਦੇ ਕੀ ਮਾਧਿਅਮ ਅਤੇ ਵਸੀਲੇ ਹਨ, ਇਹ ਵਿਚਾਰਨ ਵਾਲੀ ਗੱਲ ਹੈ। ਜਿਵੇਂ ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਵਿਚ ਬਿਹਾਰ ਤੋਂ ਪਰਵਾਸ ਕਰਕੇ ਆਏ ਨੰਦ ਕਿਸ਼ੋਰ ਦੀ ਪੰਜਾਬੀ ਸਕੂਲ ਵਿਚ ਪੜ੍ਹਦੀ ਬੇਟੀ ਮਾਧੁਰੀ ਆਪਣੇ ਸਕੂਲ ਅਤੇ ਪਰਿਵਾਰ ਦੀਆਂ ਜ਼ੁਬਾਨਾਂ/ ਸਭਿਆਚਾਰਕ ਪ੍ਰੰਪਰਾਵਾਂ ਵਿਚਕਾਰ ਸੰਵਾਦ ਰਾਹੀਂ ਇਕ ਨਵੀਂ ਹਾਈਬ੍ਰਿਡ ਸਪੇਸ ਸਿਰਜ ਰਹੀ ਹੈ, ਉਸੇ ਤਰ੍ਹਾਂ ਸਾਡੇ ਵਿਦੇਸ਼ੀ ਜ਼ੁਬਾਨਾਂ ਵਿਚ ਪੜ੍ਹਨ ਲਿਖਣ ਵਾਲੇ ਬੱਚੇ ਵੀ ਪਰਵਾਸੀ ਮੁਲਕਾਂ ਵਿਚ ਹਾਈਬ੍ਰਿਡ ਧਰਾਤਲਾਂ ਦੀ ਸਿਰਜਨਾ ਕਰ ਰਹੇ ਹਨ। ਇਹ ਹਾਈਬ੍ਰਿਡ ਪੰਜਾਬੀ ਧਰਾਤਲ ਕੇਵਲ ਸਕੂਲ/ ਸਮਾਜ ਅਤੇ ਪਰਿਵਾਰ ਦੇ ਸੰਵਾਦ ਵਿਚੋਂ ਹੀ ਨਹੀਂ, ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ, ਪਰਵਾਸੀ ਪੰਜਾਬ ਅਤੇ ਵਿਸ਼ਵ ਦੇ ਸਾਂਝੇ ਮਸਲਿਆਂ ਦੀ ਗਲੋਬਲ ਨੈਟਵਰਕਿੰਗ ਦੇ ਪਾਰ-ਰਾਸ਼ਟਰੀ ਅਮਲਾਂ ਵਿਚੋਂ ਉਭਰ ਰਹੇ ਹਨ।

ਪਰਵਾਸ ਦੇ ਅਰਥ ਬਦਲ ਗਏ ਹਨ। ਅੱਜ ਦਾ ਪਰਵਾਸ ਕਿਸੇ ਭੁੱਖ ਨੰਗ ਦਾ ਨਤੀਜਾ ਨਹੀਂ। ਵਿਸ਼ਵੀਕਰਨ ਦੀਆਂ ਲੋੜਾਂ ਵਿਚੋਂ ਪੈਦਾ ਹੋ ਰਿਹਾ ਵਰਤਾਰਾ ਹੈ। ਨੌਲਿਜ ਵਰਕਰਾਂ ਦੀ ਘਾਟ ਕਾਰਨ ਵਿਕਸਿਤ ਦੇਸ਼ਾਂ ਸਾਹਮਣੇ ਦੋ ਹੀ ਰਸਤੇ ਹਨ। ਜਾਂ ਤਾਂ ਉਹ ਅਜਿਹਾ ਕੰਮ ਭਾਰਤ ਵਰਗੇ ਮੁਲਕਾਂ ਵਿਚੋਂ ਕਰਵਾਉਣ, ਜਿਸਨੂੰ ਬਿਜ਼ਨਸ ਪਰੌਸੈਸ ਆਊਟਸੋਰਸਿੰਗ ਕਿਹਾ ਜਾਂਦਾ ਹੈ, ਨਹੀਂ ਤਾਂ ਫੇਰ ਅਜਿਹੇ ਪਰਵਾਸੀ ਕਾਮਿਆਂ ਲਈ ਆਪਣੇ ਮੁਲਕਾਂ ਵਿਚ ਰੁਜ਼ਗਾਰ ਦੇ ਸਤਿਕਾਰ ਸਹਿਤ ਰਸਤੇ ਖੋਲ੍ਹ ਦੇਣ।

ਪੰਜਾਬੀਆਂ ਲਈ ਇਸ ਦਿਸ਼ਾ ਵਿਚ ਅੱਗੇ ਵਧਣ ਵਾਸਤੇ ਕੇਵਲ ਸਭਿਆਚਾਰਕ, ਤਕਨੀਕੀ ਅਤੇ ਵਿਦਿਅਕ ਮਜ਼ਬੂਤੀ ਹੀ ਇਕੋ ਇਕ ਰਸਤਾ ਬਚਿਆ ਹੈ। ਪੰਜਾਬ ਦੇ ਪਛੜੇ ਹੋਏ ਗ਼ੈਰ-ਪ੍ਰਾਸੰਗਿਕ ਵਿਦਿਅਕ ਅਤੇ ਸਭਿਆਚਾਰਕ ਢਾਂਚੇ ਤੋਂ ਬਿਨਾ ਪੰਜਾਬੀਆਂ ਨੂੰ ਹੋਰ ਕੋਈ ਚੀਜ਼ ਹਰਾ ਨਹੀਂ ਸਕਦੀ। ਦੁੱਖ ਦੀ ਗੱਲ ਹੈ ਕਿ ਇਹ ਸੁਧਰਨ ਦੀ ਥਾਂ ਦਿਨੋ ਦਿਨ ਹੋਰ ਨਿੱਘਰਦਾ ਜਾ ਰਿਹਾ ਹੈ।

ਅਠਾਰਵੀਂ ਉਨੀਵੀਂ ਸਦੀ ਵਿਚ ਜਦੋਂ ਪੱਛਮੀ ਯੋਰਪ ਦੇ ਮੁਲਕਾਂ ਵਿਚ ਅਗਾਊਂ ਵਿਕਾਸ ਦੀਆਂ ਸੰਭਾਵਨਾਵਾਂ ਘਟੀਆਂ, ਤਾਂ ਉਹਨਾਂ ਨੇ ਨਵੀਆਂ ਸੰਭਾਵਨਾਵਾਂ ਦੀ ਖੋਜ ਵਿਚ ਏਸ਼ੀਆ, ਅਫਰੀਕਾ ਅਤੇ ਉੱਤਰੀ ਅਮਰੀਕਾ ਵੱਲ ਕੂਚ ਕੀਤਾ ਅਤੇ ਨਤੀਜੇ ਵਜੋਂ ਉਥੇ ਆਪਣੀਆਂ ਕਾਲੋਨੀਆਂ ਸਥਾਪਿਤ ਕਰ ਲਈਆਂ। ਪਰ ਵੀਹਵੀਂ ਇਕੀਵੀਂ ਸਦੀ ਵਿਚ ਪਹੁੰਚ ਕੇ ਕਹਾਣੀ ਬਦਲ ਗਈ। ਹੁਣ ਪੱਛਮ ਪੂਰਬ ਵੱਲ

ਨਹੀਂ, ਸਗੋਂ ਪੂਰਬ ਪੱਛਮ ਵੱਲ ਨੂੰ ਪਰਵਾਸ ਕਰ ਰਿਹਾ ਹੈ। ਇਸ ਪਰਵਾਸ ਨੇ ਆਪਣੀਆਂ ਪਾਰ-ਰਾਸ਼ਟਰੀ ਪ੍ਰਕਿਰਿਆਵਾਂ ਰਾਹੀਂ ਪੱਛਮ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਹੈ।

ਪਰਵਾਸੀ ਭਾਈਚਾਰਾ ਆਪਣੇ ਆਪ ਨੂੰ ਕਰਮ ਭੂਮੀ ਦੀਆਂ ਪ੍ਰਸਥਿਤੀਆਂ ਮੁਤਾਬਕ ਕੇਵਲ ਰੂਪਾਂਤ੍ਰਿਤ ਹੀ ਨਹੀਂ ਕਰਦਾ ਸਗੋਂ ਕਰਮਭੂਮੀ ਦੀ ਸਥਾਪਿਤ ਵਿਵਸਥਾ, ਜਿਸ ਵਿਚ ਉਸਦੇ ਭਾਈਚਾਰੇ ਨੂੰ ਕੋਈ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਹੁੰਦਾ, ਨਾਲ ਪ੍ਰਤਿਰੋਧ ਰਾਹੀਂ ਉਸਦੀ ਪੁਨਰ-ਸਥਾਪਨਾ ਵੀ ਕਰਦਾ ਹੈ। ਇਹ ਉਸਦੇ ਇਸ ਪ੍ਰਤਿਰੋਧ ਦਾ ਹੀ ਨਤੀਜਾ ਹੈ ਕਿ ਅੱਜ ਕਨੇਡੀਅਨ ਅਤੇ ਅਮਰੀਕਨ ਸਮਾਜ ਇਨ੍ਹਾਂ ਅਲਪ ਸੰਖਿਅਕ ਪਰਵਾਸੀ ਭਾਈਚਾਰਿਆਂ ਲਈ ਆਪਣੇ ਅੰਦਰ ਨਵੀਂ ਸਪੇਸ ਪੈਦਾ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੇ ਹਨ। ਬਹੁ-ਸਭਿਆਚਾਰਵਾਦ (ਮਲਟੀਕਲਚਰਿਜ਼ਮ) ਨੂੰ ਇਸੇ ਪਰਿਪੇਖ ਵਿਚ ਰੱਖ ਕੇ ਸਮਝਣ ਦੀ ਲੋੜ ਹੈ।

ਜੇਕਰ ਕਨੇਡਾ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਹੀ ਦੇਖਿਆ ਜਾਵੇ ਤਾਂ ਸਮਝ ਸਕਦੇ ਹਾਂ ਕਿ, ਮੁਖ ਧਾਰਾ ਦੇ ਅਨੇਕ ਯਤਨਾਂ ਦੇ ਬਾਵਜੂਦ, ਉਸਨੇ ਆਪਣੇ ਸਮਾਜਕ/ ਡਿਸਕਰਸਿਵ/ ਟੈਕਸਚੂਅਲ ਅਮਲਾਂ ਰਾਹੀਂ, ਕਨੇਡੀਅਨ ਸਮਾਜ ਵਿਚ ਆਪਣੀ ਸਪੇਸ ਪੈਦਾ ਕਰ ਲਈ ਹੈ। ਇਹਨਾਂ ਅਮਲਾਂ ਨੂੰ ਅਸੀਂ ਕਵਿਤਾਵਾਂ, ਗੀਤਾਂ, ਚੁਟਕਲਿਆਂ, ਗੱਪਾਂ-ਸ਼ੱਪਾਂ, ਮਸ਼ਕਰੀਆਂ, ਦੰਤ ਕਥਾਵਾਂ, ਮਿਥਾਂ, ਅਖ਼ਬਾਰੀ ਖ਼ਬਰਾਂ, ਰੇਡੀਓ/ ਟੈਲੀਵਿਯਨ ਪ੍ਰੋਗਰਾਮਾਂ, ਕਲਾ ਕਿਰਤਾਂ, ਸਾਹਿਤਕ ਰਚਨਾਵਾਂ, ਇਸ਼ਤਿਹਾਰਾਂ, ਮੇਲਿਆਂ, ਤਿਉਹਾਰਾਂ, ਕਬੱਡੀ ਮੈਚਾਂ, ਪਰਿਵਾਰਕ ਮਿਲਣੀਆਂ, ਆਦਿ ਅਨੇਕਾਂ ਵੰਨ-ਸੁਵੰਨੇ ਬਿਰਤਾਂਤਕ ਰੂਪਾਂ ਵਿਚੋਂ ਪਛਾਣ ਸਕਦੇ ਹਾਂ।

ਇਹ ਲਘੂ ਬਿਰਤਾਂਤ ਬਿਨਾਂ ਸ਼ੱਕ ਕਨੇਡੀਅਨ ਕੌਮੀ ਨਿਰਮਾਣ ਦੇ ਮਹਾਂ ਬਿਰਤਾਂਤ ਲਈ ਚੁਣੌਤੀ ਬਣ ਕੇ ਪੇਸ਼ ਹੁੰਦੇ ਹਨ ਅਤੇ ਫੇਰ ਲਘੂ ਬਿਰਤਾਂਤਾਂ ਦੁਆਰਾ ਪੈਦਾ ਕੀਤੀ ਇਹ ਪੰਜਾਬੀ ਸਪੇਸ, ਕੇਵਲ ਕਨੇਡਾ ਦੇ ਕੌਮੀ ਬਿਰਤਾਂਤ ਨੂੰ ਵਿਸਥਾਪਿਤ ਹੀ ਨਹੀਂ ਕਰਦੀ ਸਗੋਂ ਉਸਨੂੰ ਪੰਜਾਬੀ ਭਾਈਚਾਰੇ ਦੇ ਦ੍ਰਿਸ਼ਟੀਕੋਣ ਤੋਂ ਪੁਨਰ-ਸਥਾਪਿਤ ਵੀ ਕਰਦੀ ਹੈ। ਪਰਵਾਸੀ ਪੰਜਾਬੀ ਸਾਹਿਤ ਕੇਵਲ ਪਰਵਾਸੀ ਪੰਜਾਬੀ ਭਾਈਚਾਰੇ ਦੀ ਵਿਦੇਸ਼ਾਂ ਵਿਚ ਆਪਣੀ ਸਪੇਸ ਪੈਦਾ ਕਰਨ ਲਈ ਕੀਤੀ ਜਾ ਰਹੀ ਜੱਦੋ ਜਹਿਦ ਹੀ ਨਹੀਂ, ਆਪਣੀ ਸੰਸਕ੍ਰਿਤੀ ਦੀ ਪਾਰ-ਰਾਸ਼ਟਰੀਅਤਾ ਦੇ ਅਮਲਾਂ ਅਧੀਨ ਕੀਤੀ ਜਾ ਰਹੀ ਪੁਨਰ-ਸਥਾਪਨਾ ਵੀ ਹੈ।

ਪਾਰ-ਰਾਸ਼ਟਰੀ ਪੰਜਾਬੀ ਸਭਿਆਚਾਰ ਕੋਈ ਖਿੰਡਿਆ-ਪੁੰਡਿਆ ਸਭਿਆਚਾਰ ਨਹੀਂ, ਖਿੰਡੇ ਪੁੰਡੇ ਪੰਜਾਬੀ ਭਾਈਚਾਰਿਆਂ ਦੀ ਨੈਟਵਰਕਿੰਗ ਵਿਚੋਂ ਨਿਰਮਿਤ ਹੋ ਰਿਹਾ ਅਸਲੋਂ ਨਵਾਂ ਅਨੁਭਵ, ਸਿਲਸਲਾ, ਜੁਗਤ ਹੈ। ਵੰਨ-ਸੁਵੰਨੇ ਪੰਜਾਬੀ ਭਾਈਚਾਰੇ ਇਸ ਨੈਟਵਰਕ ਦੀਆਂ ਨੋਡਜ਼ ਵਾਂਗ ਹਨ, ਜੋ ਇਸ ਨੈਟਵਰਕਿੰਗ ਰਾਹੀਂ ਹੋਂਦ ਵਿਚ ਆਏ ਸਿਲਸਿਲੇ ਪਾਸੋਂ, ਇਸਦੀਆਂ ਦੂਸਰੀਆਂ ਨੋਡਜ਼ ਨਾਲ ਸੰਵਾਦੀ/ ਵਿਵਾਦੀ ਰਿਸ਼ਤਗੀਆਂ ਦੇ ਆਧਾਰ 'ਤੇ, ਆਪਣੀ ਪਛਾਣ ਪ੍ਰਾਪਤ ਕਰਦੀਆਂ ਹਨ।

ਡਿਜੀਟਲ ਨੈਟਵਰਕਿੰਗ ਰਾਹੀਂ ਇਕ ਅਜਿਹੀ ਵਿਸ਼ਵਵਿਆਪੀ ਡਾਈਨੇਮਿਕ ਸਪੇਸ ਦਾ ਨਿਰਮਾਣ ਹੋ ਰਿਹਾ ਹੈ, ਜਿਥੇ ਦੁਨੀਆਂ ਦੇ ਹੋਰਨਾਂ ਭਾਈਚਾਰਿਆਂ ਵਾਂਗ, ਇਹ ਖਿੰਡਰੇ-ਪੁੰਡਰੇ ਪੰਜਾਬੀ ਭਾਈਚਾਰੇ ਵੀ ਬਹੁਦਿਸ਼ਾਵੀ ਤਤਕਾਲੀਨ ਸਿਰਜਣਾਤਮਕ ਸਾਂਝ/ਸੰਵਾਦ ਦੀਆਂ ਵਿਕਸਤ ਹੋ ਰਹੀਆਂ ਡਿਜੀਟਲ ਨੈਟਵਰਕਿੰਗ ਦੀਆਂ ਨਵੀਆਂ ਸੰਭਾਵਨਾਵਾਂ ਰਾਹੀਂ ਕੇਵਲ ਇਕ ਦੂਸਰੇ ਦੇ ਨੇੜੇ ਹੋ ਕੇ ਪਾਰ-ਸਥਾਨਕ ਸਪੇਸ ਦਾ ਨਹੀਂ, ਸਗੋਂ ਬਹੁਸਥਾਨੀ ਨੈਟਵਰਡ ਪੰਜਾਬੀ ਚੇਤਨਾ ਦੇ ਵਹਿਣ ਦਾ ਨਿਰਮਾਣ ਕਰਦੇ ਹਨ।

ਸ਼ਾਇਦ ਇਸੇ ਲਈ ਸੁਰਜੀਤ ਪਾਤਰ ਪੰਜਾਬ ਨੂੰ ਪੰਜ ਦਰਿਆਵਾਂ ਦੇ ਰੂਪ ਵਿਚ ਨਹੀਂ, ਵਿਸ਼ਵੀਕਰਨ ਦੀ ਡਿਜੀਟਲ ਸਪੇਸ ਵਿਚ ਵਿਚਰ ਰਹੇ ਪੰਜ ਚਿਹਨ ਸੰਸਾਰਾਂ ਦੀ ਨੈਟਵਰਕਿੰਗ ਦੇ ਰੂਪ ਵਿਚ ਦੇਖ ਰਹੇ ਹਨ। ਸੰਸਾਰ ਬਦਲ ਗਿਆ ਹੈ, ਪਰ ਅਸੀਂ ਇਸ ਬਦਲੇ ਹੋਏ ਸੰਸਾਰ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦੀ ਪੁਰਾਣੇ ਸੰਸਾਰ ਦੇ ਵਿਧੀ-ਵਿਧਾਨ ਰਾਹੀਂ ਹੀ ਪਰਖ ਪੜਚੋਲ ਕਰੀ ਜਾ ਰਹੇ ਹਾਂ। ਸਾਨੂੰ ਆਪਣੀ ਇਹ ਪਹੁੰਚ ਬਦਲਨੀ ਪਵੇਗੀ।

ਕਿਉਂਕਿ ਬਹੁ-ਸਥਾਨੀ (ਪਾਰ-ਰਾਸ਼ਟਰੀ)/ ਵਰਚੂਅਲ ਪੰਜਾਬ ਨੂੰ ਵਿਸ਼ਵੀਕਾਰਣ ਦੇ ਪਰਿਪੇਖ ਵਿਚ ਰੱਖ ਕੇ ਹੀ ਦੇਖਿਆ ਜਾਂਦਾ ਹੈ, ਇਸ ਲਈ ਵਿਸ਼ਵੀਕਰਨ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਬਸਤੀਵਾਦ ਦੇ ਖ਼ਾਤਮੇ ਅਤੇ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋ ਜਾਣ ਬਾਅਦ ਵਿਸ਼ਵੀਕਰਨ ਦਾ ਦੌਰ ਆਰੰਭ ਹੁੰਦਾ ਹੈ, ਜਿਸ ਨੂੰ ਨਾ ਯੂਨੀਪੋਲਰ, ਨਾ ਬਾਈਪੋਲਰ ਅਤੇ ਨਾ ਹੀ ਮਲਟੀਪੋਲਰ ਸੰਸਾਰ ਆਖਿਆ ਜਾ ਸਕਦਾ ਹੈ। ਫਿਰ ਇਸ ਵਿਸ਼ਵ ਵਿਆਪੀ ਆਰਥਕ ਅਤੇ ਸਭਿਆਚਾਰਕ ਆਦਾਨ ਪ੍ਰਦਾਨ ਨੂੰ ਰੈਗੂਲੇਟ ਕਰਨ ਵਾਲੀ ਮੰਡੀ ਉਪਰ ਕੌਣ

ਹਕੂਮਤ ਕਰਦਾ ਹੈ? ਇਸ ਹਕੂਮਤ ਦੇ ਤਰਕ ਅਤੇ ਢਾਂਚੇ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਇਹ ਕਿਸ ਕਿਸਮ ਦੀ ਪ੍ਰਭੁਤਾ ਹੈ?

ਕੀ ਸਿਆਸੀ ਦਖ਼ਲ ਤੋਂ ਮੁਕਤ ਹੋ ਕੇ ਪੂੰਜੀ ਖੁਦਮੁਖਤਾਰੀ ਵੱਲ ਵਧ ਰਹੀ ਹੈ। ਸਿਆਸੀ ਪ੍ਰਭੁਤਾ ਦਾ ਦੌਰ ਖ਼ਤਮ ਹੋ ਰਿਹਾ ਹੈ? ਪੂੰਜੀ, ਗਿਆਨ, ਕਿਰਤ, ਤਕਨਾਲੋਜੀ ਅਤੇ ਵਸਤੂਆਂ ਦੇ ਖੁੱਲ੍ਹੇ ਵਹਾ ਨੇ ਕੌਮੀ-ਰਾਜ ਦੀ ਪ੍ਰਭੁਤਾ ਨੂੰ ਕਿਸੇ ਹੱਦ ਤਕ ਪ੍ਰਭਾਵਿਤ ਤਾਂ ਜ਼ਰੂਰ ਕੀਤਾ ਹੈ। ਪਰ ਇਸਦਾ ਇਹ ਮਤਲਬ ਨਹੀਂ ਕਿ ਪ੍ਰਭੁਤਾ ਦਾ ਦੌਰ ਖ਼ਤਮ ਹੋ ਰਿਹਾ ਹੈ। ਧਿਆਨ ਨਾਲ ਦੇਖਿਆਂ ਸਮਝ ਪੈਂਦੀ ਹੈ ਕਿ ਸਿਆਸੀ ਦਖ਼ਲ ਜਾਂ ਸਟੇਟ ਦੇ ਰੈਗੂਲੇਟਰੀ ਮਕੈਨਿਜ਼ਮ ਖ਼ਤਮ ਨਹੀਂ ਹੋ ਰਹੇ, ਤਬਦੀਲ ਹੋ ਰਹੇ ਹਨ। ਨਵੀਂ ਕਿਸਮ ਦੀ ਪ੍ਰਭੁਤਾ ਉਭਰ ਰਹੀ ਹੈ ਜਿਸਨੂੰ ਹਾਰਟ ਅਤੇ ਨਾਗਰੀ 'ਐਮਪਾਇਰ' ਭਾਵ ਸਾਮਰਾਜ ਦਾ ਨਾਮ ਦਿੰਦੇ ਹਨ। ਇਸ ਉਤਰ-ਆਧੁਨਿਕ ਸਾਮਰਾਜ (ਐਮਪਾਇਰ) ਨੂੰ ਆਧੁਨਿਕ ਪੱਛਮੀ ਸਾਮਰਾਜ (ਇੰਪੀਰੀਅਲਿਜ਼ਮ) ਨਾਲੋਂ ਵਖਰਿਆਉਣ ਲਈ ਆਪਾਂ ਇਸ ਨੂੰ 'ਵਿਸ਼ਵ-ਸੱਤਾ' ਦਾ ਨਾਮ ਦੇ ਲੈਂਦੇ ਹਾਂ।

ਪੱਛਮੀ ਸਾਮਰਾਜ ਕੌਮੀ-ਰਾਜ ਦੀਆਂ ਸਰਹੱਦਾਂ ਵਿਚ ਬੱਝਿਆ ਹੋਇਆ ਸੀ। ਜਦੋਂ ਕਿ ਵਰਤਮਾਨ ਵਿਸ਼ਵ-ਸੱਤਾ ਕੌਮੀ-ਰਾਜ ਦੀਆਂ ਸਰਹੱਦਾਂ ਤੋਂ ਪਾਰ ਦੀ ਕਹਾਣੀ ਹੈ। ਉਦਾਹਰਣ ਦੇ ਤੌਰ 'ਤੇ ਬਰਤਾਨਵੀ ਸਾਮਰਾਜ ਦਾ ਕੇਂਦਰ ਇੰਗਲੈਂਡ ਦਾ ਕੌਮੀ ਰਾਜ ਸੀ। ਇਸ ਕੇਂਦਰ ਨੇ ਵਿਦੇਸ਼ੀ ਧਰਤੀਆਂ ਉਪਰ ਸੱਤਾ ਸਥਾਪਤ ਕਰਕੇ ਹੀ ਬਰਤਾਨਵੀ ਸਾਮਰਾਜ ਦੀ ਸਥਾਪਨਾ ਕੀਤੀ। ਪੈਦਾਵਾਰ ਦੇ ਵਹਾ ਨਿਸ਼ਚਿਤ ਸਨ। ਸੰਸਾਰ ਦਾ ਨਕਸ਼ਾ ਪੱਛਮੀ ਸਾਮਰਾਜ ਦੇ ਰੰਗਾਂ ਵਿਚ ਰੰਗਿਆ ਹੋਇਆ ਸੀ। ਜਿਵੇਂ ਬਰਤਾਨਵੀ ਸਾਮਰਾਜ ਦੀਆਂ ਬਸਤੀਆਂ ਲਾਲ ਰੰਗ ਵਿਚ, ਫਰਾਂਸੀਸੀ ਸਾਮਰਾਜ ਦੀਆਂ ਨੀਲੇ ਰੰਗ ਵਿਚ ਅਤੇ ਪੁਰਤਗੀ ਸਾਮਰਾਜ ਦੀਆਂ ਹਰੇ ਰੰਗ ਵਿਚ ਰੰਗੀਆਂ ਹੋਈਆਂ ਧਰਤੀਆਂ ਸਨ। ਪਰ ਵਿਸ਼ਵ-ਸੱਤਾ ਨੇ ਇਸ ਧਰਤੀ ਉਪਰ ਤਕਨਾਲੋਜੀ, ਕਿਰਤ ਅਤੇ ਵਸਤੂਆਂ ਦੇ ਪਾਰ-ਰਾਸ਼ਟਰੀ ਵਹਾਅ ਲਈ ਲਾਲ, ਨੀਲੇ, ਪੀਲੇ ਅਤੇ ਹਰੇ ਰੰਗ ਦੇ ਵਿਸ਼ਵ ਵਿਆਪੀ ਸ਼ਾਹ-ਰਾਹ ਬਣਾ ਦਿੱਤੇ ਹਨ।

ਅੱਜ ਦੀ ਵਿਸ਼ਵ-ਸੱਤਾ ਕੌਮੀਂ-ਰਾਜਾਂ ਉਪਰ ਸੱਤਾ ਸਥਾਪਤ ਨਹੀਂ ਕਰਦੀ। ਵਿਸ਼ਵ-ਸੱਤਾ ਪਹਿਲੇ ਜਾਂ ਦੂਜੇ ਸੰਸਾਰ ਦੀ ਤੀਜੇ ਸੰਸਾਰ ਉਪਰ ਹਕੂਮਤ ਦਾ ਨਾਮ ਵੀ ਨਹੀਂ ਹੈ। ਸੱਤਾ ਦੀ ਡੀਸੈਂਟਰਡ ਅਤੇ ਡੀਟੈਰੀਟੋਰੀਅਲਾਈਜ਼ਡ ਖੁੱਲ੍ਹੀ ਵਿਵਸਥਾ ਹੈ। ਸੱਤਾ ਦਾ ਇਕ ਅਜਿਹਾ ਨੈਟਵਰਕ ਹੈ ਜਿਸ ਵਿਚ ਵਿਭਿੰਨ ਕੌਮੀ-ਰਾਜ, ਵਿਸ਼ਵ ਬੈਂਕ ਵਰਗੀਆਂ ਮਲਟੀ ਲੇਟਰਲ ਏਜੰਸੀਆਂ, ਬਹੁ-ਕੌਮੀ ਕਾਰਪੋਰੇਸ਼ਨਾਂ, ਪਾਰ-ਰਾਸ਼ਟਰੀ ਭਾਈਚਾਰੇ ਅਤੇ ਇਸ ਕਿਸਮ ਦੀਆਂ ਹੋਰ ਅਨੇਕ ਸ਼ਕਤੀਆਂ ਆਪੋ ਆਪਣੀ ਹੈਸੀਅਤ ਮੁਤਾਬਿਕ ਨੋਡਜ਼ ਦੇ ਰੂਪ ਵਿਚ ਆਪਸੀ ਸੰਵਾਦ/ ਸਹਿਯੋਗ/ ਸੰਘਰਸ਼/ ਟਕਰਾਅ ਰਾਹੀਂ ਇਸ ਵਿਸ਼ਵ-ਸੱਤਾ ਦਾ ਨਿਰਮਾਣ ਕਰਦੀਆਂ ਹਨ। ਕੋਈ ਇਕ ਕੌਮੀ-ਰਾਜ, ਭਾਵੇਂ ਉਹ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਇਕੱਲਾ ਇਸ ਵਿਸ਼ਵ-ਸੱਤਾ ਦੀ ਸਥਾਪਨਾ ਨਹੀਂ ਕਰ ਸਕਦਾ। ਨਾ ਹੀ ਯੂ.ਐਨ.ਓ. ਵਾਂਗ ਇਸ ਵਿਚ ਸਭ ਦੀ ਬਰਾਬਰ ਸ਼ਮੂਲੀਅਤ ਹੋ ਸਕਦੀ ਹੈ।

ਵਿਸ਼ਵ-ਸੱਤਾ ਇਕ ਅਜਿਹੀ ਵਿਵਸਥਾ ਦਾ ਨਾਮ ਹੈ ਜੋ ਕੌਮੀਰਾਜਾਂ, ਮਲਟੀ ਲੇਟਰਲ ਏਜੰਸੀਆਂ, ਬਹੁ-ਕੌਮੀ ਵਿਉਪਾਰਕ ਸੰਸਥਾਵਾਂ ਅਤੇ ਪਾਰ-ਰਾਸ਼ਟਰੀ ਭਾਈਚਾਰਿਆਂ ਦੇ ਸਹਿਯੋਗ ਨਾਲ ਪੂੰਜੀ, ਗਿਆਨ, ਤਕਨਾਲੋਜੀ, ਕਿਰਤ ਅਤੇ ਵਸਤੂਆਂ ਦੇ ਪਾਰ-ਰਾਸ਼ਟਰੀ ਵਹਾਓ ਨੂੰ ਰੈਗੂਲੇਟ ਕਰਦੀ ਹੈ। ਸੋ ਪੰਜਾਬ ਨੂੰ ਅਤੇ ਇਸਦੇ ਪਾਰ-ਰਾਸ਼ਟਰੀ ਸਰੂਪ ਨੂੰ ਵਿਸ਼ਵ-ਸੱਤਾ ਦੇ ਇਸ ਸੰਦਰਭ ਵਿਚ ਰੱਖ ਕੇ ਹੀ ਸਮਝਿਆ ਅਤੇ ਵਿਚਾਰਿਆ ਜਾ ਸਕਦਾ ਹੈ। ਦਰਅਸਲ ਪਾਰ-ਰਾਸ਼ਟਰੀਅਤਾ, ਬਹੁ-ਸਭਿਆਚਾਰਵਾਦ ਅਤੇ ਵਿਸ਼ਵੀਕਰਨ ਇਸ ਵਿਸ਼ਵ-ਸੱਤਾ ਦਾ ਹੀ ਪ੍ਰਗਟਾਅ ਹਨ।

ਬੇਕਾਬੂ ਹੋ ਰਹੇ ਵਿਸ਼ਵੀਕਰਨ, ਬਰੈਕਸਿਟ ਅਤੇ ਟਰੰਪ, ਮੋਦੀ ਆਦਿ ਦੀ ਚੜ੍ਹਤ ਕਾਰਨ ਬਹੁਤ ਸਾਰੇ ਸਿਆਸੀ ਮਾਹਿਰਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਹੈ ਕਿ ਸ਼ਾਇਦ ਕੌਮੀ-ਰਾਜ ਦੀ ਵਾਪਸੀ ਹੋ ਰਹੀ ਹੈ। ਕੀ ਕੌਮੀ-ਰਾਜਾਂ ਦਾ ਸੁਸ਼ਕਤੀਕਰਨ ਵਾਤਾਵਰਨ ਤਬਦੀਲੀ ਅਤੇ ਪਰਮਾਣੂ ਜੰਗ ਦੇ ਖਤਰੇ ਵਰਗੀਆਂ ਚੁਣੌਤੀਆਂ, ਜੋ ਦੁਨੀਆਂ ਦੀ ਹੋਂਦ ਲਈ ਖਤਰਾ ਬਣੀਆਂ ਹੋਈਆਂ ਹਨ, ਦਾ ਸਮਾਧਾਨ ਕਰ ਸਕਦਾ ਹੈ। ਇਸੇ ਤਰ੍ਹਾਂ ਕੀ ਕੌਮੀ-ਰਾਜ ਵਿਸ਼ਵ ਸਰਮਾਏ ਦੇ ਖੁੱਲ੍ਹੇ ਵਹਾ ਨੂੰ ਰੈਗੂਲੇਟ ਕਰਨ ਦੀ ਸਮਰੱਥਾ ਰੱਖਦੇ ਹਨ? ਸਹੀ ਗੱਲ ਤਾਂ ਇਹ ਹੈ ਕਿ ਵਿਸ਼ਵ-ਸੱਤਾ ਅਤੇ ਕੌਮੀ-ਰਾਜਾਂ ਨੂੰ ਇਕ ਦੂਜੇ ਦੇ ਵਿਰੋਧ ਵਿਚ ਖੜ੍ਹੇ ਕਰ ਕੇ ਦੇਖਣਾ ਹੀ ਗ਼ਲਤ ਹੈ। ਅਮਰੀਕਾ ਵਰਗਾ ਕੋਈ ਵੀ ਮੁਲਕ ਭਾਵੇਂ ਉਹ ਆਰਥਕ, ਰਾਜਨੀਤਕ ਅਤੇ ਫੌਜੀ ਪੱਧਰ 'ਤੇ ਕਿੰਨਾ ਵੀ

ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਉਹ ਆਪਣੀ ਪੱਧਰ 'ਤੇ ਵਿਸ਼ਵ ਸਰਮਾਏ ਨੂੰ ਕੰਟਰੋਲ ਨਹੀਂ ਕਰ ਸਕਦਾ ਅਤੇ ਨਾ ਹੀ ਦੁਨੀਆਂ ਨੂੰ ਦਰਪੇਸ਼ ਗਲੋਬਲ ਪੱਧਰ ਦੀਆਂ ਚੁਣੌਤੀਆਂ ਦਾ ਸਮਾਧਾਨ ਕਰ ਸਕਦਾ ਹੈ।

ਸੱਜੀਆਂ ਹੀ ਨਹੀਂ, ਖੱਬੇ ਪੱਖੀ ਧਿਰਾਂ ਵੀਂ ਕੌਮੀ-ਰਾਜਾਂ ਦੀ ਵਾਪਸੀ ਦੀ ਗੱਲ ਕਰ ਰਹੀਆਂ ਹਨ। ਵਿਸ਼ਵ ਸਰਮਾਏ ਦੇ ਆਤੰਕ ਅਤੇ ਨਵ-ਉਦਾਰਵਾਦ ਦੇ ਵਿਸਤਾਰ ਨੂੰ ਰੋਕਣ ਹਿਤ ਲਾਤੀਨੀ ਅਮਰੀਕਾ ਦੇ ਕਈ ਮੁਲਕਾਂ ਵਿਚ ਅਗਾਂਹਵਧੂ ਸਰਕਾਰਾਂ ਵੀ ਬਣ ਗਈਆਂ। ਨਵ-ਉਦਾਰਵਾਦ ਦੇ ਪ੍ਰੋਜੈਕਟ ਨੂੰ ਕੁਝ ਸਮੇਂ ਲਈ ਆਰਜ਼ੀ ਤੌਰ 'ਤੇ ਦੂਰ ਰੱਖਣ ਦੀ ਸਫਲਤਾ ਪਿਛੇ ਇਨ੍ਹਾਂ ਮੁਲਕਾਂ ਦੀ ਆਪੋ ਆਪਣੀ ਕੌਮੀ ਪ੍ਰਭੁਤਾ ਨਹੀਂ, ਸਗੋਂ ਇਨ੍ਹਾਂ ਕੌਮੀ-ਰਾਜਾਂ ਦੀ ਨੈਟਵਰਕਿੰਗ ਕੰਮ ਕਰ ਰਹੀ ਸੀ।

ਸਥਾਨਕ, ਖੇਤਰੀ, ਰਾਸ਼ਟਰੀ ਅਤੇ ਪਾਰ-ਰਾਸ਼ਟਰੀ ਜਾਂ ਸਟੇਟ ਅਤੇ ਨੌਨ-ਸਟੇਟ ਸ਼ਕਤੀਆਂ ਦੇ ਗਤੀਸ਼ੀਲ ਨੈਟਵਰਕ ਦਾ ਉਭਾਰ ਨਿਸ਼ਚਿਤ ਹੈ। ਪੰਜਾਬ ਦੀ ਹੋਣੀ ਅਤੇ ਹਸਤੀ ਨੂੰ ਵੀ ਹੁਣ ਪ੍ਰਭੁਤਾ ਦੇ ਇਸ ਨਵੇਂ ਪਰਿਪੇਖ ਵਿਚ ਰੱਖ ਕੇ ਦੇਖਣਾ ਜ਼ਰੂਰੀ ਹੋ ਗਿਆ ਹੈ।

ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਥਾਨਕਤਾ ਵਿਸ਼ਵੀਕਰਨ ਨੂੰ ਵਿਸਥਾਪਿਤ ਕਰਕੇ ਉਸਦੀ ਥਾਂ ਨਹੀਂ ਲੈ ਸਕੇਗੀ। ਨਾ ਹੀ ਉਹ ਅਜਿਹਾ ਕਰ ਰਹੀ ਹੈ। ਉਹ ਤਾਂ ਵਿਸ਼ਵੀਕਰਨ ਦੇ ਕੌਸਮੋਪੌਲੀਟਨ ਤਰਕ ਨੂੰ ਕੌਸਮੋਪੌਲੀਟਨ ਲੋਕਲਿਜ਼ਮ (ਬ੍ਰਹਿਮੰਡੀ ਸਥਾਨਕਤਾ) ਵਿਚ ਢਾਲਣ ਦੇ ਆਹਰੇ ਲੱਗੀ ਹੋਈ ਹੈ। ਇਸ ਵਿਚ ਉਸਨੂੰ ਸਫਲਤਾ ਵੀ ਮਿਲ ਰਹੀ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਦੇਖਦੇ ਹਾਂ ਕਿ ਬ੍ਰਹਿਮੰਡੀ ਸਥਾਨਕਤਾ, ਦੁਨੀਆਂ ਭਰ ਵਿਚ ਖਿੰਡੇ-ਪੁੰਡੇ ਪੰਜਾਬੀ ਭਾਈਚਾਰਿਆਂ ਨੂੰ, ਵਿਸ਼ਵ ਵਿਆਪੀ ਨੈੱਟਵਰਕ ਦੀ ਸਹਾਇਤਾ ਨਾਲ, ਉਨ੍ਹਾਂ ਅੰਦਰ ਗਿਆਨ, ਤਕਨਾਲੋਜੀ, ਭਾਈਚਾਰਕ ਕਦਰਾਂ ਕੀਮਤਾਂ ਅਤੇ ਮਾਨਵੀ ਸਰੋਤਾਂ ਦੇ ਆਦਾਨ ਪ੍ਰਦਾਨ ਰਾਹੀਂ ਨਵੀਂ ਪਹਿਚਾਣ ਅਤੇ ਸ਼ਕਤੀ ਪ੍ਰਦਾਨ ਕਰ ਰਹੀ ਹੈ। ਸੋ ਬ੍ਰਹਿਮੰਡੀ ਸਥਾਨਕਤਾ ਸਥਾਨ-ਆਧਾਰਿਤ ਭਾਈਚਾਰਿਆਂ ਵਿਚਕਾਰ ਵਿਸ਼ਵ-ਵਿਆਪੀ ਨੈੱਟਵਰਕਿੰਗ ਦੀ ਉਸ ਪ੍ਰੈਕਟਿਸ ਦਾ ਸਿਧਾਂਤ ਹੈ ਜਿਸ ਰਾਹੀਂ ਉਹ ਗਿਆਨ, ਸੰਸਕ੍ਰਿਤੀ, ਤਕਨਾਲੋਜੀ ਅਤੇ ਸਰੋਤਾਂ ਦਾ ਖੁੱਲ੍ਹਾ ਆਦਾਨ ਪ੍ਰਦਾਨ ਕਰਦੇ ਹਨ। ਇਹ ਇਕ ਅਸਲੋਂ ਨਵੀਂ ਸਮਾਜਕ, ਰਾਜਨੀਤਕ, ਸਭਿਆਚਾਰਕ ਅਤੇ ਤਕਨੀਕੀ ਅੰਤਰ-ਦ੍ਰਿਸ਼ਟੀ ਦਾ ਪ੍ਰੋਗਰਾਮ ਹੈ ਜੋ 21ਵੀਂ ਸਦੀ ਦੀਆਂ ਬਹੁਤ ਸਾਰੀਆਂ ਦੁਸ਼ਟ ਸਮੱਸਿਆਵਾਂ ਨੂੰ ਆਪਸੀ ਸਹਿਯੋਗ ਰਾਹੀਂ ਹੱਲ ਕਰਨ ਵਿਚ ਮਦਦਗਾਰ ਸਾਬਤ ਹੁੰਦਾ ਹੈ। ਅੰਤ ਵਿਚ ਇਸ ਸੰਖੇਪ ਜਿਹੀ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ:

1. ਪੰਜਾਬੀ ਸਭਿਆਚਾਰ ਵਿਸ਼ਵ ਵਿਆਪੀ ਨੈੱਟਵਰਕ ਵਿਚ ਬੱਝਾ ਹੋਇਆ ਬਹੁ-ਸਥਾਨੀ ਸਭਿਆਚਾਰ ਹੈ।
2. ਇਸਦਾ ਹਰ ਸਥਾਨ ਬਹੁ-ਸਭਿਆਚਾਰਕ ਧਰਾਤਲ ਹੈ। ਉਦਾਹਰਣ ਦੇ ਤੌਰ 'ਤੇ ਕਨੇਡਾ ਦਾ ਸ਼ਹਿਰ ਵੈਨਕੂਵਰ।
3. ਇਸ ਤਰ੍ਹਾਂ ਪੰਜਾਬੀ ਸਭਿਆਚਾਰ ਉਨ੍ਹਾਂ ਤਮਾਮ ਸਭਿਆਚਾਰਕ ਇਕਾਈਆਂ ਨਾਲ ਵੀ ਜਾ ਜੁੜਦਾ ਹੈ ਜੋ ਉਨ੍ਹਾਂ ਬਹੁ-ਸਭਿਆਚਾਰਕ ਧਰਾਤਲਾਂ ਦਾ ਨਿਰਮਾਣ ਕਰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਵੈਨਕੂਵਰ ਵਿਚ ਵਸਣ ਵਾਲੇ ਦੂਸਰੇ ਭਾਈਚਾਰੇ।
4. ਸੋ, ਪੰਜਾਬੀ ਸਭਿਆਚਾਰ ਨੂੰ, ਪਹਿਲੀ ਨਵੰਬਰ 1966 ਨੂੰ ਹੋਂਦ ਵਿਚ ਆਉਣ ਵਾਲੇ 50,362 ਵਰਗ ਕਿਲੋਮੀਟਰ ਵਿਚ ਫੈਲੇ ਭਾਰਤੀ ਪੰਜਾਬ ਪ੍ਰਾਂਤ ਦੇ 12,342 ਪਿੰਡਾਂ ਅਤੇ 134 ਸ਼ਹਿਰਾਂ/ਕਸਬਿਆਂ ਤੱਕ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਇਹ ਸਾਰੀ ਦੁਨੀਆਂ ਵਿਚ ਫੈਲ ਚੁੱਕਾ ਹੈ। ਇਸਦੀ ਸ਼ਕਤੀ ਦਾ ਅਨੁਮਾਨ ਇਸਦੇ ਨੈੱਟਵਰਕ ਵਿਚ ਜੁੜ ਚੁੱਕੇ ਸਥਾਨਾਂ ਦੀ ਗਿਣਤੀ ਤੋਂ ਲਾਇਆ ਜਾਵੇਗਾ। ਇਸ ਲਈ ਪੰਜਾਬ ਨੂੰ ਨਿਸ਼ਚੇ ਹੀ ਦੁਨੀਆਂ ਦੀ ਸੰਭਾਵਿਤ ਮਹਾਂ-ਸ਼ਕਤੀ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ ਹੈ। .. ਪੰਜਾਬ ਨੂੰ ਪੰਜਾਬ ਦੀਆਂ ਸੀਮਾਵਾਂ ਰਾਹੀਂ ਨਹੀਂ, ਗੁਰੂ ਨਾਨਕ ਦੇ ਬ੍ਰਹਿਮੰਡੀ ਵਿਯਨ ਰਾਹੀਂ ਸਮਝਣ ਦੀ ਜ਼ਰੂਰਤ ਹੈ। ਆਉਣ ਵਾਲੇ ਸਮਿਆਂ ਵਿਚ ਸਭਿਆਚਾਰਾਂ ਨੂੰ ਉਨ੍ਹਾਂ ਦੇ ਦੁਨੀਆਂ ਵਿਚ ਫੈਲ ਰਹੇ ਨੈੱਟਵਰਕਾਂ ਰਾਹੀਂ ਹੀ ਪਹਿਚਾਣਿਆਂ ਅਤੇ ਸਮਝਿਆ ਜਾਇਆ ਕਰੇਗਾ।
5. ਅਜਿਹਾ ਕਰਦਿਆਂ ਵਿਸ਼ਵੀਕਰਨ ਦੇ ਲੱਖ ਪ੍ਰਭਾਵਾਂ ਬਾਅਦ ਵੀ ਪੰਜਾਬੀ ਸਭਿਆਚਾਰ ਆਪਣੀ ਪਹਿਚਾਣ ਨਹੀਂ ਗੁਆਏਗਾ। ਦੁਨੀਆਂ ਦੇ ਨਕਸ਼ੇ ਤੇ ਇਕ ਸ਼ਕਤੀਸ਼ਾਲੀ, ਟਿਕਾਊ ਈਕੋਸਿਸਟਮ ਵਜੋਂ ਉਭਰੇਗਾ।

ਪਰ ਅਜਿਹਾ ਕਰਨ ਲਈ ਪੰਜਾਬੀ ਭਾਈਚਾਰੇ ਨੂੰ ਆਪਣੀ ਵਿਸ਼ਵ ਵਿਆਪੀ ਵਿਲੱਖਣ ਹਸਤੀ ਵਿਚ ਵਿਸ਼ਵਾਸ ਰੱਖਦਿਆਂ ਧੁਰ ਅੰਦਰ ਨੈੱਟਵਰਕ ਚੇਤਨਾ ਅਤੇ ਬ੍ਰਹਿਮੰਡੀ ਸਥਾਨਕਤਾ ਦੀ ਸਪਿਰਟ ਜਗਾਉਣੀ ਹੋਵੇਗੀ। ਬਹੁ-ਭਾਂਤੀ ਅਤੇ ਬਹੁ-ਸਥਾਨੀ ਪੰਜਾਬੀ ਭਾਈਚਾਰੇ ਨੂੰ ਨੈੱਟਵਰਕ ਚੇਤਨਾ ਵਿਚ ਬੰਨ੍ਹਣ ਲਈ ਮਸ਼ੀਨੀ ਬੁੱਧੀਮਾਨਤਾ, ਨੈਟਵਰਕ ਪ੍ਰਭਾਵਾਂ, ਪਲੈਟਫਾਰਮ ਤਕਨਾਲੋਜੀ ਅਤੇ ਕਰਾਊਡ ਸੋਰਸਿੰਗ ਦਾ ਵੱਡੀ ਪੱਧਰ 'ਤੇ ਇਸਤੇਮਾਲ ਪਹਿਲੀ ਸ਼ਰਤ ਬਣ ਜਾਂਦਾ ਹੈ। ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਇਨ੍ਹਾਂ ਤਕਨੀਕਾਂ ਦੀ ਸਹਾਇਤਾ ਨਾਲ ਪੰਜਾਬੀਆਂ ਨੇ ਆਪਣੇ ਆਪ ਨੂੰ ਸਿਰਜਣਾਤਮਕ ਭਾਈਚਾਰੇ ਵਿਚ ਰੂਪਾਂਤ੍ਰਿਤ ਕਰਨਾ ਹੋਵੇਗਾ। ਗਿਆਨ, ਅਰਥਚਾਰੇ ਅਤੇ ਊਰਜਾ ਦੇ ਕੋਲੈਬੋਰੇਟਿਵ ਅਤੇ ਡਿਸਟਰੀਬਿਊਟਿਡ ਨੈੱਟਵਰਕ/ਸਿਸਟਮ ਉਸਾਰਨੇ ਹੋਣਗੇ।

ਮੇਰਾ ਵਿਸ਼ਵਾਸ ਹੈ ਕਿ ਪੂਰੇ ਭਰੋਸੇ ਨਾਲ ਇਸ ਦਿਸ਼ਾ ਵਿਚ ਕਦਮ ਵਧਾਉਣ ਵਾਲੇ ਪਹਿਲੇ ਲੋਕ ਪੰਜਾਬੀ ਹੀ ਹੋਣਗੇ, ਪਰ ਅਜਿਹਾ ਕਰਨ ਲਈ ਪੰਜਾਬੀ ਭਾਈਚਾਰੇ, ਖਾਸ ਕਰਕੇ ਇਸਦੀ ਯੂਥ ਨੂੰ ਪੰਜਾਬ ਦੇ ਸਭਿਆਚਾਰਕ ਅਤੇ ਵਿੱਦਿਅਕ ਢਾਂਚੇ ਦੇ ਪੁਨਰ ਨਿਰਮਾਣ ਲਈ ਲਹਿਰ ਖੜ੍ਹੀ ਕਰਨੀ ਪਵੇਗੀ। ਸਭਿਆਚਾਰ, ਸਿੱਖਿਆ ਅਤੇ ਰਾਜਨੀਤੀ ਦੇ ਤਜਾਰਤੀਕਰਨ ਵਿਰੁੱਧ ਆਵਾਜ਼ ਉਠਾਏ ਬਿਨ੍ਹਾਂ ਅਜਿਹਾ ਕਰਨਾ ਸੌਖਾ ਨਹੀਂ ਹੋਵੇਗਾ।

◈